# ਇਹ ਹਮਾਰਾ ਜੀਵਣਾ

ਗੁਰਸ਼ਰਨ ਸਿੰਘ

20.5.14

## ਕਮਿਊਨਿਸਟ ਕੀ ਚਾਹੁੰਦੇ ਹਨ ?

ਚੋਣਾਂ ਦੇ ਰੌਲੇ-ਗੌਲੇ ਵਿਚ ਕਮਿਊਨਿਸਟਾਂ ਨੂੰ ਆਪਣਾ ਅਵਾਜ਼ ਗੁੰਮ ਨਹੀਂ ਹੋਣ ਦੇਣੀ ਚਾਹੀਦੀ। ਉਨ੍ਹਾਂ ਨੂੰ ਇਹ ਮੌਕਾ ਲਕੀਰ ਖਿੱਚਣ ਲਈ ਵਰਤਣਾ ਚਾਹੀਦਾ ਹੈ ਅਤੇ ਸਪਸ਼ਟ ਸ਼ਬਦਾਂ ਵਿਚ ਇਹ ਦੱਸਣਾ ਚਾਹੀਦਾ ਹੈ ਕਿ ਜੇ ਉਹ ਹਕੂਮਤ ਵਿਚ ਆਏ ਤਾਂ ਕੀ ਕਰਨਗੇ? ਸਮਾਜਕ ਨਿਆਂ ਵਾਲਾ ਸਮਾਜ ਬਣਾਉਣ ਲਈ ਉਹ ਕੀ ਕਰਨਗੇ? ਜਾਰਸ਼ਾਹੀ ਦਾ ਤੱਖਤਾਉਲਟਾਣ ਵੇਲੇ ਕਮਿਊਨਿਸਟਾਂ ਨੇ ਆਪਣੇ ਇਰਾਦੇ ਸਾਫ ਦੱਸੇ ਸਨ।

ਸਿਰਫ ਦੱਸੇ ਹੀ ਨਹੀਂ ਸਨ ਸਗੋਂ ਕੋਠੇ ਚੜ੍ਹ ਕੇ ਦੱਸੇ ਸਨ। ਰਾਓ ਸਰਕਾਰ ਦੀਆਂ ਆਰਥਕ ਨੀਤੀਆਂ, ਗੈਟ ਸਮਝੌਤੇ, ਸੰਸਾਰ ਬੈਂਕ ਦੀਆਂ ਸ਼ਰਤਾਂ ਮੰਨ ਕੇ ਦੇਸ਼ ਦੇ ਹਿੱਤ ਗਹਿਣੇ ਰੱਖ ਦੇਣੇ, ਇਨ੍ਹਾਂ ਬਾਰੇ ਜਿੱਥੇ ਦੱਸਣਾ ਬਹੁਤ ਜ਼ਰੂਰੀ ਹੈ, ਉੱਥੇ ਇਹ ਗੱਲ ਵੀ ਨਹੀਂ ਭੁੱਲਣੀ ਚਾਹੀਦੀ ਕਿ ਮਨਮੋਹਨ ਸਿੰਘ ਦੀਆਂ ਹੁਣ ਵਾਲੀਆਂ ਨੀਤੀਆਂ ਪੰਜ ਸਾਲ ਪਹਿਲਾਂ ਹੋਂਦ ਵਿਚ ਆਈਆਂ ਸਨ ਪਰ ਇਸ ਤੋਂ ਪਹਿਲਾਂ ਵੀ ਇਹ ਦੇਸ਼ ਕੋਈ ਗਰੀਬਾਂ ਲਈ ਸਵਰਗ ਨਹੀਂ ਸੀ। ਕਮਿਊਨਿਸਟ ਰਾਜ ਸੱਤਾ ਹਥਿਆਰਬੰਦ ਇਨਕਲਾਬ ਨਾਲ ਸਾਂਭਣ ਜਾਂ ਆਧੁਨਿਕ ਲੋਕ ਜਮਹੂਰੀਅਤ ਢੰਗ ਨਾਲ ਸਾਂਭਣ ਇਹ ਵੱਖਰੀ ਗੱਲ ਹੈ।

ਬਸ ਗੱਲ ਹੈ ਕਿ ਜੇ ਉਹ ਰਾਜ ਸੱਤਾ ਵਿਚ ਆਉਣਗੇ ਤਾਂ ਕੀ ਕਰਨਗੇ? ਲੋਕਾਂ ਨੂੰ ਸਪਸ਼ਟ ਪ੍ਰੋਗਰਾਮ ਦੱਸਣਾ ਜ਼ਰੂਰੀ ਹੈ। ਪਾਣੀ ਦੀ ਲੋੜ ਪੰਜਾਬ ਨੂੰ ਵੀ ਹੈ ਤੇ ਹਰਿਆਣਾ ਨੂੰ ਵੀ ਹੈ। ਲੋੜ ਇਹ ਕਾਰਨ ਲੱਭਣ ਦੀ ਹੈ ਕਿ ਦੁਨੀਆ ਵਿਚ ਸਭ ਤੋਂ ਵੱਧ ਪਾਣੀ ਦੇ ਸਾਧਨਾਂ ਦੇ ਮਾਲਕ ਦੇਸ਼ ਤੱਕ ਆਪਣੇ ਲੋਕਾਂ ਨੂੰ ਖੇਤੀ ਅਤੇ ਪੀਣ ਲਈ ਪਾਣੀ ਕਿਉਂ ਨਹੀਂ ਦੇ ਸਕਿਆ। ਇਹ ਸਾਫ ਹੈ ਕਿ ਬੁਰਜੂਆ ਹਾਕਮਾਂ ਦਾ ਇਹ ਫਿਕਰ ਨਹੀਂ ਸਗੋਂ ਉਨ੍ਹਾਂ ਦਾ ਫਿਕਰ ਤਾਂ ਇਹ ਹੈ ਕਿ ਹਰਿਆਣਾ ਅਤੇ ਪੰਜਾਬ ਦੇ ਲੋਕ ਆਪਸ ਵਿਚ ਲੜਦੇ ਰਹਿਣ।

ਕਮਿਊਨਿਸਟਾਂ ਲਈ ਚੋਣ ਮੁੱਦਿਆਂ ਵਿਚ ਬੁਨਿਆਦੀ ਮੁੱਦੇ ਉਠਾਉਣੇ ਜ਼ਰੂਰੀ ਹਨ। ਸਾਰਿਆਂ ਨੂੰ ਅੱਗੇ ਵਧਣ ਦੇ ਬਰਾਬਰ ਮੌਕੇ ਦੇਣੇ, ਹਰ ਇਕ ਲਈ ਰੁਜ਼ਗਾਰ ਮੁਹੱਈਆ ਕਰਨਾ, ਐਲਾਨੀਆ ਤੌਰ 'ਤੇ ਇਹ ਕਹਿਣਾ ਕਿ ਸਾਰਿਆਂ ਦਾ ਭਲਾ ਉਸੇ ਸਮਾਜ ਵਿਚ ਹੋ ਸਕਦਾ ਹੈ ਜਿਹੜਾ ਉਤਲਿਆਂ ਕੋਲੋਂ ਕੁੱਝ ਖੋਹ ਕੇ ਬਣਾਇਆ ਜਾ ਸਕੇਗਾ। ਚੋਣਾਂ ਵੇਲੇ ਪ੍ਰਚਾਰ ਲੋਕਾਂ ਦੀ ਬੁਨਿਆਦੀ ਚੇਤਨਾ ਨੂੰ ਤੀਖਣ ਕਰਨ ਲਈ ਹੀ ਹੋਣਾ ਚਾਹੀਦਾ ਹੈ।

## ਹਰਕਿਸ਼ਨ ਲਾਲ ਭਗਤ ਹੁਣ ਠੀਕ-ਠਾਕ ਹੈ

ਹਾਲੀ ਪਿਛਲੇ ਮਹੀਨੇ ਜਦੋਂ ਭਗਤ ਨੂੰ 1984 ਦੇ ਕਤਲੇਆਮ ਲਈ ਇਕ ਦੋਸ਼ੀ ਦੀ ਹੈਸੀਅਤ ਵਿਚ ਕਟਹਿਰੇ ਵਿਚ ਖੜ੍ਹਾ ਕੀਤਾ ਗਿਆ ਸੀ ਤਾਂ ਉਸ ਨੇ ਛਾਤੀ 'ਤੇ ਹੱਥ ਰੱਖ ਲਿਆ ਸੀ ਜਿਸ ਤਰ੍ਹਾਂ ਉਸ ਨੂੰ ਦਿਲ ਦਾ ਵੱਡਾ ਦੌਰਾ ਪਿਆ ਹੋਵੇ। ਉਹ ਜੇਲ੍ਹ ਦੀ ਥਾਂ ਹਸਪਤਾਲ ਲਿਜਾਇਆ ਗਿਆ ਤੇ ਫੇਰ ਡਾਕਟਰਾਂ ਵੱਲੋਂ ਉਸ ਨੂੰ ਘਰ ਆਰਾਮ ਦਾ ਨੁਸਖਾ ਦਿੱਤਾ ਗਿਆ। ਉਹ ਇਕ ਦਿਨ ਵੀ ਜੇਲ੍ਹ ਨਹੀਂ ਰਿਹਾ। ਹੁਣ ਉਹੀ ਭਗਤ ਠੀਕ-ਠਾਕ ਹੈ।

ਪਾਰਲੀਮੈਂਟ ਲਈ ਉਸ ਨੇ ਇਕ ਸੀਟ 'ਤੇ ਨਹੀਂ, ਦੋ ਸੀਟਾਂ ਲਈ ਨਾਮਜ਼ਦਗੀ ਕਾਗਜ਼ ਭਰੇ। ਚਮਚਿਆਂ ਦੀ ਵੱਡੀ ਭੀੜ ਉਸ ਦੇ ਨਾਲ ਕਾਗਜ਼ ਭਰਨ ਗਈ। ਹੁਣ ਉਸ ਨੇ ਹਾਈ ਕਮਾਂਡ ਨਾਲ ਕੁੱਝ ਸੌਦਾ ਕਰਕੇ ਕਾਗਜ਼ ਵਾਪਸ ਲੈ ਲਏ ਹਨ। ਹੁਣ ਉਸ 'ਤੇ ਕਤਲ ਦਾ ਕੇਸ ਹੈ ਵੀ ਤੇ ਨਹੀਂ ਵੀ। ਜੇ ਹੈ ਤਾਂ ਉਸ ਦੀ ਜ਼ਮਾਨਤ ਨਹੀਂ ਹੋ ਸਕਦੀ, ਜੇ ਨਹੀਂ ਤਾਂ ਇਸ ਦਾ ਮਤਲਬ ਹੈ ਕਿ ਜੋ ਕੁੱਝ ਪਿਛਲੇ ਮਹੀਨੇ ਹੋਇਆ ਉਹ ਮਹਿਜ਼ ਇਕ ਡਰਾਮਾ ਸੀ।

ਇਹ ਇਕ ਮਿਸਾਲ ਦੱਸਦੀ ਹੈ ਕਿ ਇਹ ਸਾਰਾ ਸਿਸਟਮ ਕਿੰਨਾ ਬੇਹੂਦਾ ਅਤੇ ਬੇਤੁੱਕਾ ਹੈ। ਲੋਕਾਂ ਨੂੰ ਇਸ ਦੇ ਬਾਰੇ ਚੇਤਨ ਹੋਣ ਦੀ ਲੋੜ ਹੈ।